AMERICAN IMMIGRATION LAWYERS ASSOCIATION



# ਆਪਣੇ ਅਧਿਕਾਰਾਂ ਨੂੰ ਜਾਣੋ: ਜੇ ਆਈ ਸੀ ਈ ਤੁਹਾਨੂੰ ਪਬਲਿਕ ਵਿਚ ਰੋਕਦੀ ਹੈ

ਯੂਨਾਇਟੇਡ ਸਟੇਟਸ ਵਿਚ ਰਹਿਣ ਵਾਲੇ ਸਾਰੇ ਲੋਕਾਂ ਕੋਲ ਕੁਝ ਯੂ ਐਸ ਸੰਵਿਧਾਨਿਕ ਅਧਿਕਾਰ ਮੌਜੂਦ ਹੁੰਦੇ ਹਨ ਜਿਸ ਵਿਚ ਉਹ ਪ੍ਰਵਾਸੀ ਵੀ ਸਮਿਲਿਤ ਹਨ ਜੋ ਦਸਤਾਵੇਜਾਂ ਵਿਚ ਸ਼ਾਮਲ ਨਹੀਂ ਹਨ। ਜੇ ਤੁਸੀਂ ਦਸਤਾਵੇਜਾਂ ਵਿਚ ਸ਼ਾਮਲ ਨਹੀਂ ਹੋ ਅਤੇ ਇਮੀਗ੍ਰੇਸ਼ਨ (ਆਈ ਸੀ ਈ) ਅਫਸਰ ਤੁਹਾਨੂੰ ਮਾਰਗ ਵਿਚ ਜਾਂ ਇੱਕ ਪਬਲਿਕ ਸਥਾਨ ਤੇ ਰੋਕਦੇ ਹਨ, ਇਹ ਜਾਣੋ ਕਿ ਤੁਹਾਡੇ ਕੋਲ ਨਿਮਨਲਿਖਿਤ ਅਧਿਕਾਰ ਹਨ:

- ਤੁਹਾਡੇ ਕੋਲ ਚੁੱਪ ਰਹਿਣ ਦਾ ਅਧਿਕਾਰ ਹੈ। ਤੁਹਾਨੂੰ ਇਮੀਗ੍ਰੇਸ਼ਨ ਅਫਸਰਾਂ ਦੇ ਨਾਲ ਗੱਲ ਕਰਨ ਦੀ ਜਾਂ ਉਹਨਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੈ।
  - ਤੁਸੀਂ ਇਹ ਪੁੱਛ ਸਕਦੇ ਹੋ ਕਿ ਤੁਸੀਂ ਉਸ ਥਾਂ ਤੋਂ ਜਾ ਸਕਦੇ ਹੋ ਜਾਂ ਨਹੀਂ। ਜੇ ਅਫਸਰ ਨਾ ਕਹਿੰਦਾ ਹੈ, ਤੁਸੀਂ ਆਪਣੇ ਚੁੱਪ ਰਹਿਣ ਵਾਲੇ ਅਧਿਕਾਰ ਦਾ ਇਸਤੇਮਾਲ ਕਰ ਸਕਦੇ ਹੋ।
  - ਜੇ ਤੁਹਾਨੂੰ ਪੁੱਛਿਆ ਜਾਂਦਾ ਹੈ ਕਿ ਤੁਹਾਡਾ ਜਨਮ ਕਦੋਂ ਹੋਇਆ ਸੀ, ਜਾਂ ਤੁਸੀਂ ਯੂਨਾਇਟੇਡ ਸਟੇਟਸ ਵਿਚ ਪ੍ਰਵੇਸ਼ ਕਿਵੇਂ ਕੀਤਾ ਸੀ, ਤੁਸੀਂ ਜਵਾਬ ਦੇਣ ਤੋਂ ਮਨ੍ਹਾ ਕਰ ਸਕਦੇ ਹੋ ਜਾਂ ਚੁੱਪ ਰਹਿ ਸਕਦੇ ਹੋ।
  - ਜੇ ਤੁਸੀਂ ਚੁੱਪ ਰਹਿਣ ਚਾਹੁੰਦੇ ਹੋ, ਅਜਿਹਾ ਬੋਲ ਕੇ ਦੱਸ ਦਵੋ।
  - ਤੁਸੀਂ ਇੱਕ ਅਫਸਰ ਨੂੰ ਇੱਕ ਆਪਣੇ ਅਧਿਕਾਰਾਂ ਨੂੰ ਜਾਨਣ ਵਾਲਾ ਕਾਰਡ ਦਿਖਾ ਸਕਦੇ ਹੋ ਜੋ ਇਹ ਵੇਰਵਾ ਪ੍ਰਦਾਨ ਕਰਦਾ ਹੈ ਕਿ ਤੁਸੀਂ ਚੁੱਪ ਰਹੋਗੇ ਅਤੇ ਇੱਕ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
  - ਤੁਸੀਂ ਪਹਿਚਾਨ ਪੱਤਰ ਵਿਖਾਉਣ ਤੋਂ ਮਨ੍ਹਾ ਕਰ ਸਕਦੇ ਹੋ ਜੋ ਇਹ ਦੱਸਦੇ ਹਨ ਕਿ ਤੁਸੀਂ ਕਿਹੜੇ ਦੇਸ਼ ਦੇ ਹੋ।
  - ਕੋਈ ਵੀ ਝੂਠੇ ਦਸਤਾਵੇਜ ਨਾ ਦਿਖਾਈ ਅਤੇ ਝੂਠ ਨਾ ਬੋਲੋ।
- ਤੁਸੀਂ ਇੱਕ ਖੋਜ ਲਈ ਮਨ੍ਹਾ ਕਰ ਸਕਦੇ ਹੋ। ਜੇ ਤੁਹਾਨੂੰ ਸਵਾਲਾਂ ਲਈ ਰੋਕਿਆ ਜਾਂਦਾ ਹੈ ਪਰ ਤੁਹਾਨੂੰ ਗਿਰਫ਼ਤਾਰ ਨਹੀਂ ਕੀਤਾ ਜਾਂਦਾ ਉਦੋਂ ਤੁਹਾਨੂੰ ਆਪਣੀ ਜਾਂ ਆਪਣੀਆਂ ਚੀਜ਼ਾਂ ਦੀ ਖੋਜ ਦੀ ਮਨਜ਼ੂਰੀ ਦੇਣ ਦੀ ਲੋੜ ਨਹੀਂ ਹੈ, ਪਰ ਇੱਕ ਅਫਸਰ ਤੁਹਾਡੇ ਕਪੜਿਆਂ ਨੂੰ ਹੱਥ ਲਾਕੇ ਤੁਹਾਡੀ ਤਲਾਸ਼ੀ ਲੈ ਸਕਦਾ ਹੈ ਜੇ ਉਸਨੂੰ ਸ਼ੱਕ ਹੈ ਕਿ ਤੁਹਾਡੇ ਕੋਲ ਹਥਿਆਰ ਹੈ।
- ਤੁਹਾਡੇ ਕੋਲ ਇੱਕ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ। ਜੇ ਤੁਹਾਨੂੰ ਨਜ਼ਰਬੰਦ ਕੀਤਾ ਗਿਆ ਹੈ ਜਾਂ ਹਿਰਾਸਤ ਵਿਚ ਲਿਆ ਗਿਆ ਹੈ, ਤੁਹਾਡੇ ਕੋਲ ਤੁਰੰਤ ਇੱਕ ਵਕੀਲ ਨਾਲ ਸੰਪਰਕ ਕਰਨ ਦਾ ਅਧਿਕਾਰ ਮੌਜੂਦ ਹੈ।
  - ਜੇ ਤੁਹਾਡੇ ਕੋਲ ਇੱਕ ਵਕੀਲ ਨਹੀਂ ਹੈ, ਤੁਸੀਂ ਇਮੀਗ੍ਰੇਸ਼ਨ ਅਫਸਰਾਂ ਨੂੰ ਦੱਸ ਸਕਦੇ ਹੋ ਕਿ ਤੁਸੀਂ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ।
  - ਜੇ ਤੁਹਾਡੇ ਕੋਲ ਉੱਲ ਵਕੀਲ ਮੌਜੂਦ ਹੈ, ਤੁਹਾਡੇ ਕੋਲ ਉਸਦੇ ਨਾਲ ਗੱਲ ਕਰਨ ਦਾ ਅਧਿਕਾਰ ਹੈ। ਜੇ ਤੁਸੀਂ ਡੀ ਐਚ ਐਸ ਫਾਰਮ ਜੀ - 28 ਤੇ ਹਸਤਾਖਰ ਕੀਤੇ ਹਨ, ਜੋ ਇਹ ਦੱਸਦਾ ਹੈ ਕਿ ਤੁਹਾਡੇ ਕੋਲ ਇੱਕ ਵਕੀਲ ਹੈ, ਉਸਨੂੰ ਇੱਕ ਅਫਸਰ ਨੂੰ ਦੇ ਦਵੋ।
  - ਜੇ ਤੁਹਾਡੇ ਕੋਲ ਇੱਕ ਵਕੀਲ ਨਹੀਂ ਹੈ, ਪਰੋ ਬੋਨੋ ਵਕੀਲਾਂ ਦੀ ਇੱਕ ਸੂਚੀ ਦੇ ਲਈ ਇੱਕ ਇਮੀਗ੍ਰੇਸ਼ਨ ਅਫਸਰ ਨੂੰ ਪੁਛੋ।
  - ਤੁਹਾਡੇ ਕੋਲ ਆਪਣੇ ਕੌਨਸੋਲੇਟ ਦੇ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ। ਤੁਹਾਡਾ ਕੌਨਸੋਲੇਟ ਵਕੀਲ ਦਾ ਪਤਾ ਲਗਾਉਣ ਵਿਚ ਤੁਹਾਡਾ ਸਹਿਯੋਗ ਕਰ ਸਕਦਾ ਹੈ।
  - ਤੁਸੀਂ ਕੋਈ/ਸਾਰੇ ਕਾਗਜ਼ਾਂ ਤੇ ਹਸਤਾਖ਼ਰ ਕਰਨ ਤੋਂ ਮਨ੍ਹਾ ਕਰ ਸਕਦੇ ਹੋ ਜਦੋਂ ਤੱਕ ਤੁਹਾਨੂੰ ਇੱਕ ਵਕੀਲ ਦੇ ਨਾਲ ਗੱਲ ਕਰਨ ਦਾ ਮੌਕਾ ਪ੍ਰਾਪਤ ਨਹੀਂ ਹੋਇਆ ਹੈ।
  - ਜੇ ਤੁਸੀਂ ਬਿਨਾ ਇੱਕ ਵਕੀਲ ਨਾਲ ਗੱਲ ਕੀਤਿਆਂ ਕਿਸੇ ਚੀਜ਼ ਤੇ ਹਸਤਾਖ਼ਰ ਕਰਨ ਬਾਰੇ ਸੋਚਦੇ ਹੋ, ਇਹ ਸੁਨਿਸਚਿਤ ਕਰੋ ਕਿ ਦਸਤਾਵੇਜ ਤੇ ਹਸਤਾਖ਼ਰ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਜਾਣਕਾਰੀ ਹੈ ਕਿ ਦਸਤਾਵੇਜ ਕੀ ਕਹਿਣਾ ਚਾਹੁੰਦਾ ਹੈ ਅਤੇ ਉਸਦਾ ਮਤਲਬ ਕੀ ਹੈ।

ਜੇਕਰ ਤੁਸੀਂ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਜਾਂ ਇਹ ਇਹ ਜਾਨਣਾ ਚਾਹੁੰਦੇ ਹੋ ਕਿ ਤੁਸੀਂ ਇਮੀਗ੍ਰੇਸ਼ਨ ਦੇ ਲਾਭ ਜਾਂ ਸੁਖ ਲੈਣ ਯੋਗ ਹੋ ਸਕਦੇ ਹੋ, ਇਕ ਸਾਖੀ ਇਮੀਗ੍ਰੇਸ਼ਨ ਵਕੀਲ ਨਾਲ ਗਲ ਕਰੋ। ਆਪਣੇ ਇਲਾਕੇ ਵਿੱਚ ਵਕੀਲ ਨਾਲ ਜੁੜਨ ਲਈ www.ailalawyer.org ਤੇ ਜਾਉ।

ਇਸ ਦਸਤਾਵੇਜ ਦੀ ਸਮੱਗਰੀ ਵਿਚ ਵੈਧ ਸਲਾਹ ਸ਼ਾਮਲ ਨਹੀਂ ਹੈ।

Translation provided by Foundation for International Services, Inc. (FIS), www.fis-web.com.
Contact Information: info@fis-web.com

©2017 American Immigration Lawyers Association

#AILAStandsWithImmigrants